
## ਪਾਠ – 3
## ਪੰਜਾਬ ਦੀ ਲੋਕ ਗਾਇਕਾ–ਸੁਰਿੰਦਰ ਕੌਰ (ਲੇਖਕ– ਡਾ. ਹਰਜਿੰਦਰ ਕੌਰ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**
ਉੱਤਰ : ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਈ. ਨੂੰ ਦੀਵਾਨ ਬਿਸ਼ਨ ਸਿੰਘ ਦੇ ਘਰ ਮਾਂ ਮਾਇਆ ਦੇਵੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ।

**ਪਸ਼ਨ ਅ. ਸੁਰਿੰਦਰ ਕੌਰ ਨੇ ਕਿਹੜੇ–ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਹਾਸਲ ਕੀਤੀ?**
ਉੱਤਰ : ਸੁਰਿੰਦਰ ਕੌਰ ਨੇ ਬੜੇ ਗ਼ੁਲਾਮ ਅਲੀ ਖ਼ਾਨ ਦੇ ਭਾਣਜੇ ਅਨਾਇਤ ਹੁਸੈਨ ਤੋਂ ਸ਼ਾਸਤਰੀ ਸੰਗੀਤ, ਪਟਿਆਲੇ ਘਰਾਣੇ ਦੇ ਉਸਤਾਦਾਂ ਤੋਂ ਸ਼ਾਸਤਰੀ ਸੰਗੀਤ, ਗਜ਼ਲ, ਠੁਮਰੀ ਅਤੇ ਕੁੰਦਨ ਲਾਲ ਸ਼ਰਮਾਂ ਤੋਂ ਕਾਫ਼ੀਆਂ ਗਾਉਣ ਦੀ ਸਿੱਖਿਆ ਲਈ।

**ਪ੍ਰਸ਼ਨ ੲ. ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ, ਦੱਸੋ ਕਿਵੇਂ?**
ਉੱਤਰ : ਸੁਰਿੰਦਰ ਕੌਰ ਨੇ 12-13 ਸਾਲ ਦੀ ਉਮਰ ਵਿੱਚ ਲਾਹੌਰ ਰੇਡੀਓ ਸਟੇਸ਼ਨ ਤੋਂ ਪਹਿਲਾ ਗੀਤ ਗਾਇਆ। ਉਸ ਦੀ ਅਵਾਜ਼ ਤੋਂ ਪ੍ਰਭਾਵਿਤ ਹੋ ਕੇ 'ਹਿਜ਼ ਮਾਸਟਰਜ਼ ਵਾਇਸ' ਕੰਪਨੀ ਤੇ ਫ਼ਿਲਮਾਂ ਵਾਲ਼ਿਆਂ ਨੇ ਉਸ ਨੂੰ ਗਾਉਣ ਲਈ ਬੁਲਾਇਆ। ਇਸ ਤਰ੍ਹਾਂ ਛੋਟੀ ਉਮਰ ਵਿੱਚ ਹੀ ਉਹ ਪ੍ਰਸਿੱਧੀ ਵਧ ਗਈ।

**ਪ੍ਰਸ਼ਨ ਸ. ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ?**
ਉੱਤਰ : ਸੁਰਿੰਦਰ ਕੌਰ ਨੇ ਦੱਸਿਆ ਕਿ ਗਾਉਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਰੱਬ ਨੇ ਹੀ ਉਸਨੂੰ ਇਹ ਸ਼ੌਕ ਲਾਇਆ ਅਤੇ ਉਸ ਦੀ ਕਿਰਪਾ ਨਾਲ਼ ਹੀ ਇਹ ਸ਼ੌਕ ਪੂਰਾ ਹੋਇਆ ਤੇ ਹੁੰਦਾ ਰਹੇਗਾ।

**ਪ੍ਰਸ਼ਨ ਹ. ਸੁਰਿੰਦਰ ਕੌਰ ਦੇ ਕਿਹੜੇ–ਕਿਹੜੇ ਗੀਤ ਵਧੇਰੇ ਹਰਮਨ–ਪਿਆਰੇ ਹੋਏ?**
ਉੱਤਰ : ਸੁਰਿੰਦਰ ਕੌਰ ਦੇ ਹੇਠ ਲਿਖੇ ਗੀਤ ਵਧ ਹਰਮਨ-ਪਿਆਰੇ ਹੋਏ :

- 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ,<br>ਕੰਡਾ ਚੁਭਾ ਤੇਰੇ ਪੈਰ ਬਾਂਕੀਏ ਨਾਰੇ ਨੀ।'
- 'ਸਾਡਾ ਚਿੜੀਆਂ ਦਾ ਚੰਬਾ ਵੇ,<br>ਬਾਬਲ ਅਸਾਂ ਉੱਡ ਜਾਣਾ।'
- 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ।'

**ਪ੍ਰਸ਼ਨ ਕ. "ਸਾਡਾ ਚਿੜੀਆਂ ਦਾ ਚੰਬਾ" ਗੀਤ ਸੁਰਿੰਦਰ ਕੌਰ ਦੇ ਪਰਿਵਾਰ ਵਿੱਚੋਂ ਹੋਰ ਕਿਸ–ਕਿਸ ਨੇ ਗਾਇਆ ?**
ਉੱਤਰ : ਇਹ ਗੀਤ ਤਿੰਨੇ ਭੈਣਾਂ; ਪ੍ਰਕਾਸ਼ ਕੌਰ, ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ। ਫਿਰ ਇਹੀ ਗੀਤ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ।

**ਪ੍ਰਸ਼ਨ ਖ. ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ?**
ਉੱਤਰ : ਸੁਰਿੰਦਰ ਕੌਰ ਦੇ ਪਤੀ ਵਧੀਆ ਕਵਿਤਾਵਾਂ ਲੱਭ ਕੇ ਲਿਆਉਂਦੇ ਤੇ ਫਿਰ ਉਹਨਾਂ ਬੋਲਾਂ ਨੂੰ ਸੰਗੀਤ ਦੀਆਂ ਧੁਨਾਂ 'ਤੇ ਗਾਉਣ ਲਈ ਉਸ ਨੂੰ ਉਤਸ਼ਾਹਿਤ ਕਰਦੇ। ਉਹ ਉਸ ਨੂੰ ਰੋਜ਼ਾਨਾ ਰਿਆਜ਼ ਕਰਨ ਲਈ ਆਖਦੇ।

**ਪ੍ਰਸ਼ਨ ਗ. ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ?**
ਉੱਤਰ : ਉਸ ਦੀ ਸੁਰੀਲੀ ਅਵਾਜ਼, ਹੱਥਾਂ ਵਿੱਚ ਘੁੰਗਰੂ ਫੜ ਕੇ ਤਾਲ ਦੇਣ ਦਾ ਅੰਦਾਜ਼ ਤੇ ਉੱਚੀ ਹੇਕ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ। ਸੁਰਿੰਦਰ ਕੌਰ ਸਧਾਰਨ ਲੋਕ-ਸਾਜ਼ਾਂ ਦੀ ਵਰਤੋਂ ਕਰਦੀ ਸੀ।

**ਪ੍ਰਸ਼ਨ ਘ. ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ–ਕਿਹੜੀਆਂ ਥਾਵਾਂ 'ਤੇ ਗੀਤ ਪੇਸ਼ ਕੀਤੇ?**
ਉੱਤਰ : ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਭਾਰਤ ਦੇ ਮਹਾਨਗਰਾਂ-ਮੁੰਬਈ, ਕੋਲਕਾਤਾ, ਪੂਨਾ, ਮਦਰਾਸ, ਬੈਂਗਲੁਰੂ, ਪਟਨਾ, ਦਿੱਲੀ ਅਤੇ ਬਾਹਰਲੇ ਮੁਲਕਾਂ ਰੂਸ, ਚੀਨ, ਇੰਗਲੈਂਡ, ਕਨੇਡਾ, ਅਮਰੀਕਾ, ਅਫ਼ਰੀਕਾ ਆਦਿ ਥਾਵਾਂ 'ਤੇ ਜਾ ਕੇ ਗੀਤ ਪੇਸ਼ ਕੀਤੇ।

### 2. ਔਖੇ ਸ਼ਬਦਾਂ ਦੇ ਅਰਥ

| | | |
|---|---|---|
| ਸੁਰੀਲੀ | : | ਮਿੱਠੀ ਸੁਰ ਵਿੱਚ |
| ਸ਼ੁਹਰਤ | : | ਪ੍ਰਸਿੱਧੀ, ਮਸ਼ਹੂਰੀ |
| ਪ੍ਰਬਲ ਇੱਛਾ | : | ਤੀਬਰ ਇੱਛਾ |
| ਇਲਾਹੀ ਸਰੂਰ | : | ਰੱਬੀ ਮਸਤੀ |
| ਅਪਾਰ ਕਿਰਪਾ | : | ਅਤਿਅੰਤ ਮਿਹਰ |
| ਦਹਾਕਾ | : | ਦਸ ਵਰਿਆਂ ਦਾ ਸਮਾਂ |
| ਉਸਤਾਦ | : | ਸਿੱਖਿਅਕ, ਕੋਈ ਹੁਨਰ ਸਿਖਾਉਣ ਵਾਲ਼ਾ |
| ਰਿਆਜ਼ | : | ਅਭਿਆਸ ਮੁਹਾਰਤ |

| | | |
|---|---|---|
| ਸ੍ਰੋਤੇ | : | ਸੁਣਨ ਵਾਲ਼ੇ |
| ਸਮਰੱਥਾ | : | ਯੋਗਤਾ, ਤਾਕਤ, ਬਲ, ਸ਼ਕਤੀ |
| ਸਮਰਪਿਤ | : | ਅਰਪਣ ਕੀਤਾ ਹੋਇਆ, ਭੇਟਾ ਚੜ੍ਹਿਆ |
| ਭਰਪੂਰ | : | ਭਰਿਆ ਹੋਇਆ, ਪੂਰਨ |

**3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

1. **ਕਲਾਕਾਰ** (ਕਲਾ ਦਾ ਜਾਣੂ)- ਕਲਾਕਾਰ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ।
2. **ਅੰਤਰਰਾਸ਼ਟਰੀ** (ਸੰਸਾਰ ਪੱਧਰੀ)- ਸੁਰਿੰਦਰ ਕੋਰ ਨੇ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧੀ ਪ੍ਰਾਪਤ ਕੀਤੀ।
3. **ਪ੍ਰਭਾਵਿਤ** (ਜਿਸ ਉੱਤੇ ਪ੍ਰਭਾਵ ਪਿਆ ਹੋਵੇ)- ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਨੂੰ ਪ੍ਰਭਾਵਿਤ ਕੀਤਾ ਹੈ।
4. **ਹਰਮਨ-ਪਿਆਰਾ** (ਸਭ ਦਾ ਚਹੇਤਾ)- ਪਹਿਲਾਂ ਗੁੱਲੀ-ਡੰਡਾ ਹਰਮਨ-ਪਿਆਰੀ ਖੇਡ ਹੁੰਦੀ ਸੀ।
5. **ਸਿਰਕੱਢ** (ਮਸ਼ਹੂਰ)- ਸੁਰਿੰਦਰ ਕੌਰ ਪੰਜਾਬ ਦੀ ਸਿਰਕੱਢ ਗਾਇਕਾ ਸੀ।
6. **ਹਿੰਦੁਸਤਾਨ** (ਦੇਸ਼ ਦਾ ਨਾਂ)- ਕਸ਼ਮੀਰ, ਹਿੰਦੁਸਤਾਨ ਦਾ ਅਟੁੱਟ ਅੰਗ ਹੈ।
7. **ਸਭਿਆਚਾਰ** (ਜੀਵਨ ਦਾ ਢੰਗ) - ਪੰਜਾਬੀ ਸੱਭਿਆਚਾਰ ਬਹੁਤ ਅਮੀਰ ਹੈ।
8. **ਸੁਹਾਗ** (ਖ਼ੁਸ਼ੀ ਦਾ ਮੌਕਾ)- ਚੂੜੇ ਨੂੰ ਸੁਹਾਗ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।